Name
Address Line 1
Address Line 2
Address Line 3
Address Line 4
Address Line 5

Person ID: xxxxxx Application ID: IPPA xxxxxx

**ਅੰਤਰਰਾਸ਼ਟਰੀ ਸੁਰੱਖਿਆ ਐਕਟ 2015 ਦੀ ਸ਼ੁਰੂਆਤ ਲਈ ਅਸਥਾਈ ਪ੍ਰਬੰਧ**

Dear XXXXX,

ਮੈਂ ਰਾਜ ਵਿੱਚ ਸ਼ਰਣਾਰਥੀ ਰੁਤਬੇ/ ਸਹਾਇਕ ਸੁਰੱਖਿਆ ਲਈ ਤੁਹਾਡੀ ਵਰਤਮਾਨ ਅਰਜੀ ਨੂੰ ਰੈਫ਼ਰ ਕਰਦਾ ਹਾਂ।

ਮੈਂ ਤੁਹਾਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜੀਆਂ ਦੀ ਜਾਂਚ ਅਤੇ ਸੁਦ੍ਰਿੜੀਕਰਣ ਲਈ ਨਵੇਂ ਪ੍ਰਬੰਧ (ਸ਼ਰਣਾਰਥੀ ਰੁਤਬਾ ਅਤੇ ਸਹਾਇਕ ਸੁਰੱਖਿਆ) ਅਤੇ ਰਾਜ ਵਿੱਚ ਰਹਿਣ ਦੀ ਸਵੀਕ੍ਰਿਤੀ ਨੂੰ ਅੰਤਰਰਾਸ਼ਟਰੀ ਸੁਰੱਖਿਆ ਐਕਟ 2015 (2015 ਐਕਟ) ਵਿੱਚ ਸ਼ਾਮਿਲ ਕੀਤਾ ਗਿਆ ਸੀ ਜਿਸ ਨੂੰ ਨਿਆਂ ਅਤੇ ਸਮਾਨਤਾ ਬਾਰੇ ਮੰਤਰੀ ਦੁਆਰਾ **31 ਦਸੰਬਰ 2016** ("ਆਰੰਭਤਾ ਮਿਤੀ") ਨੂੰ ਸ਼ੁਰੂ ਕੀਤਾ ਗਿਆ ਸੀ।

2015 ਐਕਟ ਤਹਿਤ, ਇੱਕ ਨਵੀਂ ਇੱਕੋ ਇੱਕ ਪ੍ਰਕਿਰਿਆ ਨੂੰ ਲਾਗੂ ਕੀਤਾ ਗਿਆ ਹੈ। ਇਸ ਪ੍ਰਕਿਰਿਆ ਤਹਿਤ, ਇੱਕ ਬਿਨੈਕਾਰ ਸ਼ਰਣਾਰਥੀ ਰੁਤਬੇ ਅਤੇ ਸਹਾਇਕ ਸੁਰੱਖਿਆ ਦੋਹਾਂ ਲਈ, ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ, ਆਇਰਿਸ਼ ਨੈਚੁਰਾਲਾਇਜੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ ਵਿਖੇ ਅਪਲਾਈ ਕਰੇਗਾ। ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ("IPO") ਨੂੰ ਰਿਫਿਊਜੀ ਐਪਲੀਕੇਸ਼ਨਜ਼ ਕਮਿਸ਼ਨਰ ਦੇ ਦਫ਼ਤਰ (ORAC) ਨਾਲ ਬਦਲਿਆ ਗਿਆ ਹੈ ਜਿਸ ਨੂੰ ਸਮਾਪਤ ਕੀਤਾ ਗਿਆ ਹੈ।

ਜਿੱਥੇ ਕਿ 2015 ਐਕਟ ਤਹਿਤ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਨਵੀਂ ਅਰਜੀ ਤਿਆਰ ਕੀਤੀ ਗਈ ਹੈ, IPO ਸਮਾਨ ਸਮੇਂ ਤੇ ਜਾਂਚ ਕਰੇਗਾ ਕਿ ਕੀ ਬਿਨੈਕਾਰ ਨੂੰ ਸ਼ਰਣਾਰਥੀ ਰੁਤਬਾ ਜਾਂ ਸਹਾਇਕ ਸੁਰੱਖਿਆ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਜੇਕਰ ਇਨ੍ਹਾਂ ਨਾਲ ਸੰਬੰਧਿਤ ਇੱਕ ਨਾਕਾਰਾਤਮਿਕ ਸੁਝਾਵ ਦਿੱਤਾ ਜਾਂਦਾ ਹੈ, ਤਾਂ ਮੰਤਰੀ, ਬਿਨਾਂ ਹੋਰ ਪ੍ਰਕਿਰਿਆਤਮਿਕ ਸਟੈਪਾਂ ਜਾਂ ਪੱਤਰ ਵਿਵਹਾਰ ਦੇ ਫੈਸਲਾ ਕਰਦਾ ਹੈ ਕਿ ਕੀ ਕਿਸੇ ਹੋਰ ਆਧਾਰ ਤੇ (ਮਨੁੱਖੀ ਜਾਂ ਵਿਅਕਤੀਗਤ ਸੋਚ ਵਿਚਾਰ ਸਮੇਤ) ਬਿਨੈਕਾਰ ਨੂੰ ਰਾਜ ਵਿੱਚ ਬਣੇ ਰਹਿਣ ਦੀ ਸਵੀਕ੍ਰਿਤੀ ਦੇਣੀ ਚਾਹੀਦੀ ਹੈ ਜਾਂ ਨਹੀਂ। ਇਸ ਪ੍ਰਕਿਰਿਆ ਲਈ ਇੱਕ ਅਪਵਾਦ ਹੈ ਜਿੱਥੇ ਅਰਜੀ ਨਾਲ ਈਯੂ ਡਬਲਿਨ ਰੈਗੂਲੇਸ਼ਨ ਤਹਿਤ ਨਿਪਟਿਆ ਜਾਂਦਾ

ਹੈ, ਜਿਸ ਸੂਰਤ ਵਿੱਚ ਕੁੱਝ ਵਿਕਲਪਿਕ ਪ੍ਰਬੰਧ ਲਾਗੂ ਹੋਣਗੇ – ਅੰਤਰਰਾਸ਼ਟਰੀ ਸੁਰੱਖਿਆ (IPO 1) ਲਈ ਬਿਨੈਕਾਰਾਂ ਲਈ ਨੱਥੀ ਕੀਤੀ ਸੂਚਨਾ ਪੁਸਤਿਕਾ ਦੇ <u>ਸੈਕਸ਼ਨ 10</u> ਨੂੰ ਦੇਖੋ। ਇਹ ਪਿਛਲੀਆ ਪ੍ਰਕਿਰਿਆਵਾਂ ਤੋਂ ਇੱਕ ਬਦਲਾਵ ਹੈ, ਜਿਸ ਦੇ ਤਹਿਤ, ਜੇਕਰ ਮੰਤਰੀ ਨੇ ਸ਼ਰਣਾਰਥੀ ਰੁਤਬੇ ਲਈ ਮਨ੍ਹਾਂ ਕੀਤਾ ਹੈ, ਤਾਂ ਮੰਤਰੀ ਨੇ ਸਹਾਇਕ ਸੁਰੱਖਿਆ ਲਈ ਅਪਲਾਈ ਕਰਨ ਲਈ ਬਿਨੈਕਾਰ ਨੂੰ ਇੱਕ ਮੌਕਾ ਦਿੱਤਾ ਹੈ ਅਤੇ ਇਹ ਪੇਸ਼ਕਾਰੀ ਕਰਨ ਲਈ ਕਿ ਦੇਸ਼ ਨਿਕਾਲੇ ਦਾ ਹੁਕਮ ਕਿਉਂ ਜਾਰੀ ਨਹੀਂ ਕੀਤਾ ਜਾਣਾ ਚਾਹੀਦਾ।

**ਤੁਹਾਡੇ ਅਰਜੀ ਦੀ ਸਥਿਤੀ**

ਸ਼ਰਣਾਰਥੀ ਰੁਤਬੇ ਅਤੇ ਸਹਾਇਕ ਸੁਰੱਖਿਆ ਲਈ ਅਰਜੀਆਂ ਨਾਲ ਨਜਿੱਠਣ ਲਈ 2015 ਐਕਟ ਵਿੱਚ ਅਸਥਾਈ ਪ੍ਰਾਵਧਾਨ ਹਨ ਜਿਨ੍ਹਾਂ ਨੂੰ ਉਹ ਐਕਟ ਸ਼ੁਰੂ ਕਰਨ ਤੋਂ ਪਹਿਲਾਂ ORAC ਲਈ ਤਿਆਰ ਕੀਤਾ ਗਿਆ ਸੀ। 2015 ਐਕਟ ਦੇ ਤਹਿਤ, ਇਨ੍ਹਾਂ ਅਰਜੀਆਂ ਨੂੰ ਉਸ ਐਕਟ ਤਹਿਤ ਪ੍ਰਕਿਰਿਆ ਕੀਤੇ ਜਾਣ ਲਈ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਲਈ ਸਥਾਂਨਤਰਿਤ ਕੀਤਾ ਜਾਏਗਾ।

ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜੀ ਨੂੰ ਨੱਥੀ ਕੀਤੇ ਗਏ ਸੂਚਨਾ ਨੋਟ (IPO 12) ਦੇ <u>ਸੈਕਸ਼ਨ 4</u> ਵਿੱਚ **ਸ਼੍ਰੇਣੀ** 1 **(ORAC ਵਿੱਚ ਸ਼ਰਣਾਰਥੀ ਅਰਜੀਆਂ)** ਦੁਆਰਾ ਕਵਰ ਕੀਤਾ ਜਾਂਦਾ ਹੈ ਭਾਵ ਇੱਕ ਬਿਨੈਕਾਰ ਜਿਸ ਨੇ ਆਰੰਭਤਾ ਮਿਤੀ ਤੋਂ ਪਹਿਲਾਂ ਸ਼ਰਣਾਰਥੀ ਰੁਤਬੇ ਲਈ ਇੱਕ ਅਰਜੀ ਤਿਆਰ ਕੀਤੀ ਸੀ ਅਤੇ ਜਿੱਥੇ ਉਸ ਮਿਤੀ ਤੱਕ ਸ਼ਰਣਾਰਥੀ ਐਕਟ 1996 ਦੇ ਸੈਕਸ਼ਨ 13 ਤਹਿਤ ORAC ਦੁਆਰਾ ਇੱਕ ਰਿਪੋਰਟ ਤਿਆਰ ਨਹੀਂ ਕੀਤੀ ਗਈ ਸੀ। ਇਸ ਅਨੁਸਾਰ, ਤੁਹਾਡੀ ਅਰਜੀ ਨੂੰ 2015 ਐਕਟ ਦੇ ਤਹਿਤ ਅੰਤਰਰਾਸ਼ਟਰੀ ਸੁਰੱਖਿਆ (ਦੋਨੋਂ ਸ਼ਰਣਾਰਥੀ ਰੁਤਬਾ ਅਤੇ ਸਹਾਇਕ ਸੁਰੱਖਿਆ) ਲਈ ਇੱਕ ਅਰਜੀ ਵਜੋਂ ਲਿਆ ਜਾਂਦਾ ਹੈ। <u>ਇਹ ਵਿਚਾਰ ਕਰਨ ਲਈ ਕਿ ਕੀ ਤੁਸੀਂ ਇੱਕ ਸ਼ਰਣਾਰਥੀ ਰੁਤਬੇ ਜਾਂ ਇੱਕ ਸਹਾਇਕ ਸੁਰੱਖਿਆ ਘੋਸ਼ਣਾਂ ਲਈ ਹੱਕਦਾਰ ਹੋ</u> ਇਸ ਲਈ ਤੁਹਾਡੀ ਫਾਇਲ ਨੂੰ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਵਿੱਚ ਸਥਾਂਨਾਤਰਣ ਕੀਤਾ ਗਿਆ ਹੈ - ਜਦੋਂ ਤੱਕ ਈਯੂ ਡਬਲਿਨ ਅਧਿਨਿਯਮ ਤਹਿਤ ਐਪਲੀਕੇਸ਼ਨ ਦਾ ਨਿਪਟਾਰਾ ਨਾ ਕੀਤਾ ਜਾਏ, ਜਿਸ ਸੂਰਤ ਵਿੱਚ ਕੁੱਝ ਵਿਕਲਪਿਕ ਪ੍ਰਬੰਧ ਲਾਗੂ ਹੁੰਦੇ ਹਨ (ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰਾਂ ਲਈ ਸੂਚਨਾ ਪੁਸਤਿਕਾ ਦੇ ਸੈਕਸ਼ਨ 10 ਨੂੰ ਦੇਖੋ)।

**ਕਿਉਂਕਿ ਸ਼ਰਣਾਰਥੀ ਰੁਤਬੇ ਅਤੇ/ਜਾਂ ਸਹਾਇਕ ਸੁਰੱਖਿਆ ਲਈ ਤੁਹਾਡੀ ਵਰਤਮਾਨ ਅਰਜੀ ਤੇ 2015 ਐਕਟ ਵਿੱਚ ਅਸਥਾਈ ਪ੍ਰਾਵਧਾਨਾਂ ਤਹਿਤ ਵਿਚਾਰ ਕੀਤਾ ਜਾਏਗਾ, ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਹੋਰ ਅਰਜੀ ਤਿਆਰ ਕਰਨ ਦੀ ਲੋੜ ਨਹੀਂ ਹੁੰਦੀ ਹੈ। ਹਾਲਾਂਕਿ, ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ (IPO 2) ਲਈ ਨੱਥੀ ਕੀਤੀ ਗਈ ਅਰਜੀ ਦੇ ਲਾਗੂ ਹੋਣ ਵਾਲੇ ਭਾਗਾਂ ਨੂੰ ਪੂਰਾ ਕਰਨ ਦੁਆਰਾ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਲਈ <u>ਵਾਧੂ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ।</u>**

**ਜਾਣਕਾਰੀ ਨੋਟ ਅਤੇ ਦੂਜੇ ਨੱਥੀ ਕੀਤੇ ਗਏ ਦਸਤਾਵੇਜ਼**

2015 ਐਕਟ ਦੇ ਅਸਥਾਈ ਪ੍ਰਾਵਧਾਨਾਂ ਦੇ ਪ੍ਰਭਾਵ ਤੇ ਕੁੱਝ ਹੋਰ ਵੇਰਵਾ ਇੱਕ ਦਸਤਾਵੇਜ਼ **"ਸੂਚਨਾ ਨੋਟ - ਅਸਥਾਈ ਪ੍ਰਬੰਧ (IPO 12)"** ਵਿੱਚ ਦਿੱਤਾ ਗਿਆ ਹੈ। ਇਸ ਪੱਤਰ ਨੂੰ ਸੂਚਨਾ ਨੋਟ ਨਾਲ ਜੋੜ ਕੇ ਪੜ੍ਹਨਾ ਚਾਹੀਦਾ ਹੈ।

ਹੇਠਾਂ ਦਿੱਤੇ ਗਏ ਦਸਤਾਵੇਜ਼ ਨੱਥੀ ਕੀਤੇ ਗਏ ਹਨ:

- **ਸੂਚਨਾ ਨੋਟ - ਅਸਥਾਈ ਪ੍ਰਬੰਧ (IPO 12)।**
- **ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰਾਂ ਲਈ ਸੂਚਨਾ ਪੁਸਤਿਕਾ (IPO 1),** ਅਤੇ
- **ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ ਲਈ ਅਰਜੀ (IPO 2)।**

**ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ ਦੇ ਕਿਨ੍ਹਾਂ ਭਾਗਾਂ ਨੂੰ ਤੁਹਾਡੇ ਰਾਹੀਂ ਪੂਰਾ ਕੀਤਾ ਜਾਣਾ ਹੈ**?

ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ (IPO 2) ਲਈ ਅਰਜੀ ਨੂੰ ਕਿਵੇਂ ਪੂਰਾ ਕਰਨਾ ਹੈ ਇਸ ਲਈ ਹੇਠਾਂ ਦਿੱਤੇ ਗਏ ਨਿਰਦੇਸ਼ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

**ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ (IPO 2) ਲਈ ਨੱਥੀ ਕੀਤੀ ਗਈ ਅਰਜੀ ਦੇ ਸਾਰੇ ਭਾਗਾਂ ਨੂੰ ਪੂਰਾ ਕਰਨਾ ਚਾਹੀਦਾ ਹੈ**

IPO ਨੂੰ ਸੁਝਾਵ ਦੇਣਾ ਚਾਹੀਦਾ ਹੈ ਕਿ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜੀ ਨੂੰ ਮਨ੍ਹਾ ਕੀਤਾ ਗਿਆ ਹੈ, ਫਿਰ ਇੱਕ ਫੈਸਲਾ ਕੀਤਾ ਜਾਏਗਾ ਕਿ ਕੀ ਤੁਹਾਨੂੰ ਕਿਸੇ ਹੋਰ ਆਧਾਰ ਤੇ ਰਾਜ ਵਿੱਚ ਰਹਿਣ ਲਈ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

ਇਹ ਨੋਟ ਕਰਨਾ ਮਹੱਤਵਪੂਰਣ ਹੈ ਕਿ 2015 ਐਕਟ ਦੇ ਲਾਗੂ ਹੋਣ ਨਾਲ ਪ੍ਰਕਿਰਿਆਵਾਂ ਨੂੰ ਬਦਲਿਆ ਗਿਆ ਹੈ। ਮੰਤਰੀ ਤੁਹਾਨੂੰ ਪੇਸ਼ਕਾਰੀਆਂ ਕਰਨ ਲਈ ਬੁਲਾਉਣ ਲਈ ਨਹੀਂ ਲਿਖੇਗਾ ਕਿ ਤੁਹਾਨੂੰ ਰਾਜ ਵਿੱਚ ਰਹਿਣ ਲਈ ਇਜਾਜ਼ਤ ਕਿਉਂ ਦੇਣੀ ਚਾਹੀਦੀ ਹੈ। ਬਾਵਜੂਦ, ਰਹਿਣ ਲਈ ਸਵੀਕ੍ਰਿਤੀ ਤੇ ਬਿਨਾਂ ਦੇਰੀ ਤੋਂ ਵਿਚਾਰ ਕੀਤਾ ਜਾਏਗਾ ਜੇਕਰ IPO ਸੁਝਾਵ ਦਿੰਦਾ ਹੈ ਕਿ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜੀ ਨੂੰ ਅਸਵੀਕਾਰ ਕੀਤਾ ਜਾਣਾ ਚਾਹੀਦਾ ਹੈ।

ਇਸ ਲਈ, ਇਹ ਤੁਹਾਡੇ ਉੱਪਰ ਹੈ ਲਿਖਤੀ ਰੂਪ ਵਿੱਚ ਕਿਸੇ ਵੀ ਕਾਰਣਾਂ ਨੂੰ ਸਥਾਪਿਤ ਕਰਨਾ ਕਿ ਤੁਸੀਂ ਕਿਉਂ ਸਮਝਦੇ ਹੋ ਕਿ ਤੁਹਾਨੂੰ ਰਹਿਣ ਲਈ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਜਦੋਂ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ (IPO 2) ਲਈ ਨੱਥੀ ਕੀਤੀ ਅਰਜੀ ਦੇ ਢੁਕਵੇਂ ਭਾਗ ਨੂੰ ਪੂਰਾ ਕਰਦੇ ਹੋ। ਉਦਾਹਰਣ ਦੀ ਵਿਧੀ ਰਾਹੀਂ, ਤੁਹਾਡਾ ਪਰਿਵਾਰ ਅਤੇ ਘਰੇਲੂ ਹਾਲਾਤ, ਰਾਜ ਨਾਲ ਤੁਹਾਡੇ ਸੰਬੰਧ ਦੀ ਪ੍ਰਕਿਰਤੀ, ਰਾਜ ਦੇ ਅੰਦਰ ਅਤੇ ਬਾਹਰ ਤੁਹਾਡਾ ਚਰਿੱਤਰ ਅਤੇ ਆਚਰਣ ਅਤੇ ਮਨੁੱਖੀ ਵਿਚਾਰ ਸਾਰੇ ਹੀ ਇਸ ਸੰਦਰਭ ਵਿੱਚ ਸੰਭਾਵਿਤ ਢੁਕਵੇਂ ਮਾਮਲੇ ਹੁੰਦੇ ਹਨ। ਢੁਕਵੇਂ ਮਾਮਲਿਆਂ ਦੀ ਇੱਕ ਸੰਪੂਰਣ ਵਿਆਖਿਆ ਲਈ, ਅੰਤਰਰਾਸ਼ਟਰੀ ਸੁਰੱਖਿਆ (IPO 1) ਲਈ ਬਿਨੈਕਾਰਾਂ ਲਈ ਸੂਚਨਾ ਪੁਸਤਿਕਾ ਦੇਖੋ।

ਤੁਹਾਡਾ ਇਸ ਸੰਬੰਧ ਵਿੱਚ ਆਪਣੀਆਂ ਪ੍ਰਸਥਿਤੀਆਂ ਵਿੱਚ ਕਿਸੇ ਵੀ ਬਦਲਾਵ ਬਾਰੇ IPO (ਮੰਤਰੀ ਦੇ ਆਧਾਰ ਤੇ) ਨੂੰ ਸੂਚਿਤ ਕਰਦੇ ਰਹਿਣ ਦਾ ਫਰਜ਼ ਵੀ ਬਣਦਾ ਹੈ ਜਿਹੜੀਆਂ ਢੁਕਵੀਆਂ ਹੋਣ (ਉਦਾਹਰਣ ਵਜੋਂ ਤੁਹਾਡੇ ਮੂਲ ਦੇਸ਼ ਵਿੱਚ ਤੁਹਾਡਾ ਪਰਿਵਾਰ ਜਾਂ ਘਰੇਲੂ ਪ੍ਰਸਥਿਤੀਆਂ ਜਾਂ ਹਾਲਾਤ)।

**ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ**?

**ਇੱਕ ਵਾਰ ਜਦੋਂ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ (IPO 2) ਲਈ ਅਰਜੀ ਨੂੰ ਪੂਰਾ ਅਤੇ ਦਸਤਖ਼ਤ ਕਰ ਲੈਂਦੇ ਹੋ, ਤਾਂ ਤੁਹਾਨੂੰ ਇਹ ਸਾਨੂੰ ਵਾਪਸ ਕਰਨੀ ਚਾਹੀਦੀ ਹੈ, ਕਿਸੇ ਵੀ ਹੋਰ ਵਾਧੂ ਜਾਣਕਾਰੀ ਅਤੇ ਦਸਤਾਵੇਜਾਂ ਦੇ ਨਾਲ ਜਿਨ੍ਹਾਂ ਤੇ ਤੁਸੀਂ ਸਮਝਦੇ ਹੋ ਵਿਚਾਰ**

**ਕੀਤਾ ਜਾਣਾ ਚਾਹੀਦਾ ਹੈ, ਜਿਹੜੀਆਂ ਤੁਸੀਂ ਨੱਥੀ ਕੀਤੇ ਫਰੀਪੋਸਟ ਲਿਫਾਫੇ ਵਿੱਚ, ਪਹਿਲਾਂ ORAC ਨੂੰ ਮੁਹੱਈਆ ਨਹੀਂ ਕੀਤੀਆਂ ਹੋਣ। ਪ੍ਰਸ਼ਨਾਵਲੀ ਸਾਨੂੰ ਵਾਪਸ ਕਰਨੀ ਚਾਹੀਦੀ ਹੈ, ਜੇਕਰ ਸੰਭਵ ਹੋਵੇ, ਇਸ ਪੱਤਰ ਦੀ ਮਿਤੀ ਤੋਂ 20 ਕੰਮਕਾਜੀ ਦਿਨਾਂ ਦੇ ਅੰਦਰ।**

**ਜੇਕਰ ਤੁਹਾਨੂੰ ਅਤੇ/ਜਾਂ ਤੁਹਾਡੇ ਕਾਨੂੰਨੀ ਸਲਾਹਕਾਰ ਨੂੰ ਤੁਹਾਡੇ ਉੱਪਰ ਦਿੱਤੀ ਗਈ ਸੂਚਨਾ ਨੂੰ ਦਾਖਲ ਕਰਨ ਤੋਂ ਬਾਅਦ IPO ਕੋਲ ਪੂਰਕ ਜਾਣਕਾਰੀ ਮੁਹੱਈਆ ਕਰਨ ਦੀ ਲੋੜ ਹੁੰਦੀ ਹੈ, ਤਾਂ ਤੁਹਾਨੂੰ ਇਹ ਜਲਦੀ ਕਰਨਾ ਚਾਹੀਦਾ ਹੈ ਅਤੇ, ਜੇਕਰ ਤੁਸੀਂ ਅਜਿਹਾ ਕਰਨ ਦੀ ਸੂਰਤ ਵਿੱਚ ਹੁੰਦੇ ਹੋ, ਤਾਂ ਇਹ ਆਪਣੀ ਤੈਅ ਇੰਟਰਵਿਊ ਦੇ ਮਿਤੀ ਤੋਂ <u>ਦੋ ਹਫ਼ਤੇ ਤੋਂ ਪਹਿਲਾਂ</u> ਕਰਨਾ ਚਾਹੀਦਾ ਹੈ। ਇਹ ਟਾਈਮਸਕੇਲ ਦਸਤਾਵੇਜਾਂ ਦੇ ਅਨੁਵਾਦ ਦੀ ਸੁਵਿਧਾ ਦੇਵੇਗੀ ਜੇਕਰ ਲੋੜ ਹੋਵੇ ਅਤੇ ਸੁਨਿਸ਼ਚਿਤ ਕਰਦੀ ਹੈ ਕਿ IPO ਇੰਟਰਵਿਊਰ ਕੋਲ ਤੁਹਾਡੇ ਸਾਰੇ ਦਸਤਾਵੇਜ਼ ਉਪਲਬਧ ਹਨ ਅਤੇ ਇੰਟਰਵਿਊ ਦੀ ਮਿਤੀ ਤੋਂ ਪਹਿਲਾਂ ਹੀ ਵਿਚਾਰ ਕੀਤਾ ਗਿਆ ਹੈ।**

**ਇੰਟਰਵਿਊ**

ਤੁਹਾਡੀ ਪੂਰੀ ਕੀਤੀ ਗਈ ਪ੍ਰਸ਼ਨਾਵਲੀ ਦੀ ਪ੍ਰਾਪਤੀ ਤੋਂ ਬਾਅਦ, ਤਾਂ IPO ਤੁਹਾਡੀ ਅੰਤਰਰਾਸ਼ਟਰੀ ਸੁਰੱਖਿਆ ਇੰਟਰਵਿਊ ਲਈ ਉਚਿਤ ਸਮੇਂ ਤੇ ਤੁਹਾਡੇ ਸੰਪਰਕ ਵਿੱਚ ਰਹੇਗਾ। ਜਦੋਂ ਤੱਕ ਕੇਸ ਈਯੂ ਡਬਲਿਨ ਰੈਗੂਲੇਸ਼ਨ ਤਹਿਤ ਨਜਿੱਠਣ ਲਈ ਨਾ ਹੋਵੇ, ਤੁਹਾਡੀ ਇੰਟਰਵਿਊ ਸ਼ਰਣਾਰਥੀ ਰੁਤਬੇ ਅਤੇ ਸਹਾਇਕ ਸੁਰੱਖਿਆ ਮਾਮਲਿਆਂ ਦੋਹਾਂ ਨੂੰ ਕਵਰ ਕਰੇਗੀ। ਉਹ ਬਿਨੈਕਾਰ ਜਿਨ੍ਹਾਂ ਦੀ ORAC ਦੁਆਰਾ ਸ਼ਰਣਾਰਥੀ ਰੁਤਬੇ ਲਈ ਇੰਟਰਵਿਊ ਲਈ ਗਈ ਸੀ ਪਰ ਜਿਨ੍ਹਾਂ ਨੇ ਆਰੰਭਤਾ ਮਿਤੀ ਤੋਂ ਪਹਿਲਾਂ ਇੱਕ ਸੁਝਾਵ ਪ੍ਰਾਪਤ ਨਹੀਂ ਕੀਤਾ ਸੀ ਉਨ੍ਹਾਂ ਦੀ IPO ਦੁਆਰਾ ਇੰਟਰਵਿਊ ਲਈ ਜਾਏਗੀ। <u>IPO ਦੁਆਰਾ ਬਹੁਤ ਸਾਰੀਆਂ ਅਰਜੀਆਂ ਤੇ ਪ੍ਰਕਿਰਿਆ ਕਰਨ ਦੇ ਕਾਰਣ ਕਈ ਮਹੀਨਿਆਂ ਤੱਕ ਤੁਹਾਡੀ ਮੁਲਾਕਾਤ ਨੂੰ ਤੈਅ ਨਹੀਂ ਵੀ ਕੀਤਾ ਜਾ ਸਕਦਾ ਹੈ।</u>

**ਰਾਜ ਵਿੱਚ ਰਿਹਾਇਸ਼**

ਰਾਜ ਵਿੱਚ ਤੁਹਾਡੀ ਰਿਹਾਇਸ਼ ਦੇ ਸੰਬੰਧ ਵਿੱਚ ਹਾਲਤਾਂ ਨਹੀਂ ਬਦਲਣਗੀਆਂ। ਅਸਥਾਈ ਰਿਹਾਇਸ਼ ਸਰਟੀਫਿਕੇਟ (TRC) ਜਿਹੜਾ ਪਹਿਲਾਂ ਹੀ ਤੁਹਾਨੂੰ ਜਾਰੀ ਕੀਤਾ ਗਿਆ ਹੈ ਉਹ 2015 ਐਕਟ ਦੇ ਸੈਕਸ਼ਨ 17 ਤਹਿਤ ਜਾਰੀ ਕੀਤਾ ਗਿਆ ਇੱਕ ਅਸਥਾਈ ਰਿਹਾਇਸ਼ੀ ਸਰਟੀਫਿਕੇਟ ਮੰਨਿਆ ਜਾਏਗਾ ਅਤੇ ਜਦੋਂ ਤੱਕ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜੀ ਤੇ ਫੈਸਲਾ ਨਹੀਂ ਕੀਤਾ ਜਾਂਦਾ ਇਹ ਵੈਧ ਅਤੇ ਨਵਿਆਉਣਯੋਗ ਰਹੇਗਾ।

**ਕਾਨੂੰਨੀ ਸੁਝਾਵ**

ਤੁਹਾਨੂੰ ਇਸ ਪੱਤਰ ਅਤੇ ਨੱਥੀ ਕੀਤੇ ਗਏ ਦਸਤਾਵੇਜਾਂ ਦੇ ਸੰਬੰਧ ਵਿੱਚ ਕਾਨੂੰਨੀ ਸਲਾਹ ਪ੍ਰਾਪਤ ਕਰਨ ਦਾ ਸੁਝਾਵ ਦਿੱਤਾ ਜਾਂਦਾ ਹੈ। ਤੁਹਾਡੇ ਕੋਲ ਇੱਕ ਸਾਲਿਸਟਰ ਨਾਲ ਸਲਾਹ ਮਸ਼ਵਰਾ ਕਰਨ ਦਾ ਅਧਿਕਾਰ ਹੈ ਅਤੇ ਤੁਸੀਂ ਲੀਗਲ ਏਡ ਬੋਰਡ ਦੀਆਂ ਸੇਵਾਵਾਂ ਵੀ ਪ੍ਰਾਪਤ ਕਰ ਸਕਦੇ ਹੋ। ਲੀਗਲ ਏਡ ਬੋਰਡ (LAB) ਇੱਕ ਸੁਤੰਤਰ ਏਜੰਸੀ ਹੈ ਜੋ ਆਇਰਲੈਂਡ ਵਿੱਚ ਅੰਤਰਰਾਸ਼ਟਰੀ ਸੁਰੱਖਿਆ ਲਈ ਅਪਲਾਈ ਕਰਨ ਵਾਲੇ ਵਿਅਕਤੀਆਂ ਲਈ ਇੱਕ ਗੁਪਤ ਕਾਨੂੰਨੀ ਸੇਵਾ ਪ੍ਰਦਾਨ ਕਰਦੀ ਹੈ। LAB ਤੁਹਾਡੀ ਅਰਜੀ ਦੇ ਸਮਰਥਨ ਵਿੱਚ ਕਾਨੂੰਨ ਸਹਾਇਤਾ ਅਤੇ ਸੁਝਾਵ ਪ੍ਰਦਾਨ ਕਰੇਗੀ। **LAB ਲਈ ਸੰਪਰਕ ਵੇਰਵੇ ਸੂਚਨਾ ਨੋਟ (IPO 12) ਵਿੱਚ ਦਿੱਤੇ ਗਏ ਹਨ।**

ਤੁਸੀਂ ਆਪਣੇ ਖਰਚੇ ਤੇ ਵੀ ਇੱਕ ਨਿੱਜੀ ਸਾਲਿਸਟਰ ਦੀਆਂ ਸੇਵਾਵਾਂ ਵੀ ਲੈ ਸਕਦੇ ਹੋ।

ਜੇਕਰ ਤੁਸੀਂ ਪਹਿਲਾਂ ਅਜਿਹਾ ਨਹੀਂ ਕੀਤਾ ਹੈ, ਤਾਂ ਤੁਹਾਨੂੰ ਆਪਣੇ ਕਾਨੂੰਨੀ ਪ੍ਰਤੀਨਿਧੀ ਦੇ ਵੇਰਵੇ ਅਤੇ, ਜੇਕਰ ਲਾਗੂ ਹੋਵੇ, ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਲਈ ਕੋਈ ਵੀ ਕਾਨੂੰਨੀ ਬਦਲਾਵ ਜਲਦੀ ਤੋਂ ਜਲਦੀ ਪ੍ਰਦਾਨ ਕਰਨੇ ਚਾਹੀਦੇ ਹਨ।

**UNHCR**
ਤੁਹਾਨੂੰ ਸ਼ਰਣਾਰਥੀਆਂ ਲਈ ਯੂਨਾਇਟਿਡ ਨੇਸ਼ਨਜ਼ ਹਾਈ ਕਮਿਸ਼ਨਰ ਨਾਲ ਸਲਾਹ ਮਸ਼ਵਰਾ ਕਰਨ ਦਾ ਹੱਕ ਵੀ ਹੈ ਜਿਨ੍ਹਾਂ ਦੇ **ਸੰਪਰਕ ਵੇਰਵੇ ਨੱਥੀ ਕੀਤੇ ਗਏ ਸੂਚਨਾ ਨੋਟ (IPO 12) ਵਿੱਚ ਨੱਥੀ ਕੀਤੇ ਗਏ ਹਨ।**

**ਸਵੈਇੱਛੁਕ ਵਾਪਸੀ**

ਜੇਕਰ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜੀ ਤੇ ਜਾਰੀ ਰਹਿਣ ਦੀ ਇੱਛਾ ਨਹੀਂ ਰੱਖਦੇ ਹੋ, ਤਾਂ ਤੁਸੀਂ ਆਪਣੇ ਮੂਲ ਦੇਸ਼ ਨੂੰ ਸਵੈਇੱਛੁਕ ਵਾਪਸੀ ਦਾ ਵਿਕਲਪ ਪ੍ਰਾਪਤ ਕਰਨ ਲਈ ਅਜਾਦ ਹੋ। ਮਾਈਗ੍ਰੇਸ਼ਨ ਲਈ ਅੰਤਰਰਾਸ਼ਟਰੀ ਸੰਗਠਨ ਵਲੋਂ ਤੁਹਾਡੇ ਲਈ ਇਸ ਸੰਬੰਧ ਵਿੱਚ ਸੁਝਾਵ ਅਤੇ ਸਹਾਇਤਾ ਉਪਲਬਧ ਹੈ ਜਿਨ੍ਹਾਂ ਦੇ **ਸੰਪਰਕ ਵੇਰਵੇ ਨੱਥੀ ਕੀਤੇ ਗਏ ਸੂਚਨਾ ਨੋਟ (IPO 12) ਵਿੱਚ ਦਿੱਤੇ ਗਏ ਹਨ।**

**ਤੁਹਾਡਾ ਨਵਾਂ ਅਰਜੀ ਨੰਬਰ**

ਤੁਹਾਡੇ ਪੁਰਾਣੇ ਅਰਜੀ ਨੰਬਰ ਦੀ ਵਰਤੋਂ ਨਹੀਂ ਕੀਤੀ ਜਾਏਗੀ। ਤੁਸੀਂ ਇਸ ਪੱਤਰ ਦੇ ਸਿਖਰ ਤੇ **IPPA** ਨਾਲ ਸ਼ੁਰੂ ਹੋਣ ਵਾਲੇ ਆਪਣੇ ਨਵੇਂ ਅਰਜੀ ਨੰਬਰ ਨੂੰ ਪ੍ਰਾਪਤ ਕਰੋਗੇ। ਤੁਹਾਡਾ ਵਿਅਕਤੀ ID ਸਮਾਨ ਰਹੇਗਾ।

**ਤੁਹਾਡਾ ਪਤਾ**

ਜੇਕਰ ਤੁਸੀਂ ਆਪਣਾ ਪਤਾ ਬਦਲਦੇ ਹੋ, ਤਾਂ ਤੁਹਾਨੂੰ ਆਪਣੇ ਜਾਣ ਤੋਂ ਬਾਅਦ, ਜਿੰਨੀ ਜਲਦੀ ਸੰਭਵ ਹੋਵੇ, **ਲਿਖਤੀ ਰੂਪ ਵਿੱਚ** ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਨੂੰ ਦੱਸਣਾ ਜਰੂਰੀ ਹੈ। ਕਿਰਪਾ ਕਰਕੇ ਪੱਤਰ ਤੇ ਦਸਤਖ਼ਤ ਕਰਨਾ ਅਤੇ ਆਪਣਾ **ਨਵਾਂ** ਹਵਾਲਾ ਨੰਬਰ ਸ਼ਾਮਲ ਕਰਨਾ ਨਾ ਭੁੱਲੋ।

ਪ੍ਰਸ਼ਨ

ਜੇਕਰ ਤੁਹਾਡੇ ਕੋਲ ਅੰਤਰਰਾਸ਼ਟਰੀ ਸੁਰੱਖਿਆ ਜਾਂ ਇਸ ਪੱਤਰ ਲਈ ਆਪਣੀ ਅਰਜੀ ਤੇ ਕੋਈ ਪ੍ਰਸ਼ਨ ਹੋਣ, ਤਾਂ ਤੁਹਾਨੂੰ ਸੰਪਰਕ ਕਰਨਾ ਚਾਹੀਦਾ ਹੈ **(ਆਪਣਾ ਨਵਾਂ ਹਵਾਲਾ ਨੰਬਰ ਦਿੰਦੇ ਹੋਏ):**

**Customer Service Centre**
**International Protection Office**
**Irish Naturalisation and Immigration Service**
**79 - 83 Lower Mount Street**
**Dublin 2, D02 ND99**
**Telephone: 01 6028008**
**Email: info@ipo.gov.ie**

ਇਸ ਪੱਤਰ ਅਤੇ ਨੱਥੀ ਕੀਤੇ ਕਾਗਜਾਂ ਦੀ ਟੈਕਸਟ ਨੂੰ ਕਾਨੂੰਨੀ ਪ੍ਰਤੀਨਿਧੀਆਂ ਕੋਲ ਕਾਪੀ ਕਰਨਾ ਹੁੰਦਾ ਹੈ।

**ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ**

**ਆਇਰਿਸ਼ ਨੈਚੁਰਾਲਾਇਜੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ**

**Date**